# **ਪ੍ਰੈਸ ਨੋਟ**

ਅੱਜ ਮਿਤੀ 12.12.2023 ਨੂੰ ਸ਼੍ਰੀ ਗੁਲਨੀਤ ਸਿੰਘ ਖੁਰਾਨਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਰੂਪਨਗਰ ਵੱਲੋਂ ਪ੍ਰੈਸ ਨੋਟ ਰਾਂਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਜਿਲ੍ਹਾ ਪੁਲਿਸ ਵੱਲੋਂ ਮਾੜੇ ਅਨਸਰਾਂ ਅਤੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ 17 ਵਿਅਕਤੀਆਂ ਅਤੇ 03 ਮੁਜ਼ਰਿਮ ਇਸ਼ਤਿਹਾਰੀਆਂ (ਪੀ.ਓਜ਼.) ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਜਿਲ੍ਹਾ ਪੁਲਿਸ ਨੇ ਪਿਛਲੇ ਇੱਕ ਹਫਤੇ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ ਕਾਰਵਾਈ ਕਰਦੇ ਹੋਏ 07 ਮੁਕੱਦਮੇ ਅਤੇ ਐਕਸਾਈਜ਼ ਐਕਟ ਅਧੀਨ 04 ਮੁਕੱਦਮੇ ਦਰਜ਼ ਕਰਕੇ 201 ਗ੍ਰਾਮ ਨਸ਼ੀਲਾ ਪਾਊਡਰ, 10 ਗ੍ਰਾਮ ਹੈਰੋਇਨ, 40 ਨਸ਼ੀਲੇ ਟੀਕੇ ਅਤੇ 48000 ਐਮ.ਐਲ. ਸ਼ਰਾਬ ਬ੍ਰਾਮਦ ਕੀਤੀ ਗਈ ਹੈ।

ਜਿਲ੍ਹਾ ਪੁਲਿਸ ਵਲੋ ਅਸਰਦਾਰ ਅਤੇ ਵਿਗਿਆਨਿਕ ਢੰਗ ਨਾਲ ਤਫਤੀਸ਼ ਕਰਦੇ ਹੋਏ ਚੋਰੀ ਦੇ 4 ਮੁਕਦਮੇ ਟਰੇਸ ਕੀਤੇ ਗਏ ਹਨ ਅਤੇ 11 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਨ੍ਹਾਂ ਪਾਸੋ ਚੋਰੀ ਕੀਤਾ ਸਾਮਾਨ ਘਰੇਲੂ ਸਾਮਾਨ, 30 ਕਿਲੋਗ੍ਰਾਮ ਲੋਹਾ ਸਕਰੈਪ, 40 ਮੀਟਰ ਕੇਬਲ ਤਾਰ ਅਤੇ ਕਰੀਬ 22 ਕਿਲੋਗ੍ਰਾਮ ਚੌਰੀਸ਼ੁਦਾ ਤਾਂਬੇ ਦੀਆਂ ਤਾਰਾਂ ਬ੍ਰਾਮਦ ਕੀਤੀਆਂ ਗਈਆਂ ਹਨ। ਜਿਲ੍ਹਾ ਪੁਲਿਸ ਵਲੋ ਵਾਰ-ਵਾਰ ਗੈਰ-ਕਾਨੂੰਨੀ ਮਾਈਨਿੰਗ ਕਰਨ ਵਾਲੇ ਨਸੀਬ ਚੰਦ ਪੁੱਤਰ ਰਾਮ ਲਾਲ ਵਾਸੀ ਪਲਾਟਾ ਥਾਣਾ ਨੂਰਪੁਬੇਦੀ ਜਿਸ ਖਿਲਾਫ ਗੈਰ-ਕਾਨੂੰਨੀ ਮਾਈਨਿੰਗ ਦੇ 5 ਮੁਕੱਦਮੇ ਅਤੇ ਪ੍ਰੇਮ ਸਿੰਗਲਾ ਪੁੱਤਰ ਰਜਿੰਦਰ ਕੁਮਾਰ ਵਾਸੀ ਮਕਾਨ ਨੰਬਰ 2ਏ, ਸਰਾਭਾ ਨਗਰ, ਥਾਣਾ ਤਰੀਪੜੀ ਜਿਲ੍ਹਾ ਪਟਿਆਲਾ ਜਿਸ ਖਿਲਾਫ ਗੈਰ-ਕਾਨੂੰਨੀ ਮਾਈਨਿੰਗ ਦੇ 11 ਮੁੱਕਦਮੇ ਦਰਜ਼ ਹਨ, ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਜਿਨ੍ਹਾਂ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮਾੜੇ ਅਨਸਰਾਂ ਅਤੇ ਸਮਾਜ਼ ਵਿਰੋਧੀ ਤੱਤਾਂ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ। ਜਿਲ੍ਹਾ ਪੁਲਿਸ ਹਰ ਹਾਲਤ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਵਿੱਚ ਵਚਨਬੱਧ ਹੈ ਅਤੇ ਗੈਰ-ਕਾਨੂੰਨੀ ਕੰਮ ਕਰਨ ਵਾਲੇ ਕਿਸੇ ਵੀ ਸਮਾਜ਼ ਵਿਰੋਧੀ ਅਨਸਰ ਨੂੰ ਬਖਸ਼ੀਆ ਨਹੀ ਜਾਵੇਗਾ। ਜਿਨ੍ਹਾ ਨੇ ਪਬਲਿਕ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਅਗਰ ਉਨ੍ਹਾਂ ਪਾਸ ਸਮਾਜ ਵਿਰੋਧੀ ਤੱਤਾਂ ਸਬੰਧੀ ਜਾ ਗੈਰ-ਕਾਨੂੰਨੀ ਕੰਮ ਕਰਨ ਵਾਲਿਆ ਸਬੰਧੀ ਕੋਈ ਸੂਚਨਾ ਹੈ ਤਾਂ ਉਹ ਤਰੰਤ ਪੁਲਿਸ ਨਾਲ ਸਾਂਝੀ ਕੀਤੀ ਜਾਵੇ।